# ਅਪੀਲਾਂ ਲਈ ਸਮਾਂ ਸੀਮਾਵਾਂ

1 ਜਨਵਰੀ 1998 ਤੋਂ ਵਰਕਰਸ ਸੇਫਟੀ ਅਤੇ ਇੰਸ਼ੋਰੈਂਸ ਬੋਰਡ (WSIB) ਦੇ ਫੈਸਲਿਆਂ ਤੇ ਕਾਮਿਆਂ ਅਤੇ ਨਿਯੋਜਕਾਂ ਦੁਆਰਾ ਅਪੀਲ ਕਰਨ ਦੇ ਹੱਕਾਂ ਤੇ ਸਮਾਂ ਸੀਮਾਂ ਲਾਗੂ ਹੁੰਦੀ ਹੈ। ਸਮਾਂ ਸੀਮਾਵਾਂ ਦੀ ਬੱਧਤਾ ਨੂੰ ਸਮਝਣ ਲਈ WSIB ਨੇ ਕੰਮ ਦੀਆਂ ਧਿਰਾਂ (ਕਾਮੇ ਅਤੇ ਨਿਯੋਜਿਕਾਂ) ਦੀ ਸਹਾਇਤਾ ਲਈ ਹੇਠ ਦਿੱਤੀਆਂ ਵਿਧੀਆਂ ਵਿਕਸਤ ਕੀਤੀਆਂ ਹਨ।

## 1 ਜਨਵਰੀ 1998 ਤੋਂ ਪਹਿਲਾਂ ਕੀਤੇ ਫੈਸਲੇ - ਪੂਰਵ-ਪ੍ਰਭਾਵੀ ਸਮਾਂ ਸੀਮਾਵਾਂ

ਅਪੀਲਾਂ ਲਈ ਛੇ ਮਹੀਨੇ ਦੀ ਸਮਾਂ ਸੀਮਾ 1 ਜਨਵਰੀ, 1998 ਤੋਂ ਪਹਿਲਾਂ ਹੋਏ ਕੋਈ ਵੀ ਫੈਸਲਿਆਂ ਤੇ ਜਿਨ੍ਹਾਂ ਤੇ ਤੁਸੀਂ ਅਪੀਲ ਕਰਨੀ ਚਾਹੋ, ਉਪਰ ਲਾਗੂ ਹੁੰਦੀ ਹੈ।

## 1 ਜਨਵਰੀ, 1998 ਜਾਂ ਇਸ ਤੋਂ ਬਾਅਦ ਕੀਤੇ ਫੈਸਲੇ

*6 -ਮਹੀਨੇ ਦੀ ਸਮੇਂ ਦੀ ਸੀਮਾਂ*

- 6 ਮਹੀਨੇ ਦੀ ਅਪੀਲ ਕਰਨ ਦੀ ਸਮੇਂ ਦੀ ਮਿਆਦ ਜਨਵਰੀ 1, 1998 ਜਾਂ ਉਸ ਤੋਂ ਬਾਅਦ ਕੀਤੇ ਬੋਰਡ ਦੇ ਸਾਰੇ ਫੈਸਲਿਆਂ ਤੇ ਲਾਗੂ ਹੁੰਦੀ ਹੈ।
- ਜੇਕਰ WSIB ਕੋਈ ਫੈਸਲਾ ਕਰਦਾ ਹੈ ਜਿਸ ਨਾਲ ਤੁਸੀਂ ਸਹਿਮਤ ਨਹੀਂ ਹੋ, ਤਾਂ ਤੁਹਾਨੂੰ ਫੈਸਲੇ ਦੀ ਚਿੱਠੀ ਵਿਚ ਸਮੇਂ ਦੀ ਸੀਮਾਂ ਅਤੇ ਅਪੀਲ ਕਰਨ ਦੀ ਸੀਮਾਂ ਅਤੇ ਅਪੀਲ ਕਰਨ ਦੀ ਵਿਧੀ ਬਾਰੇ ਵੀ ਜਾਣੂ ਕਰਵਾਇਆ ਜਾਵੇਗਾ। ਜੇਕਰ ਤੁਸੀਂ ਅਜਿਹੇ ਫੈਸਲੇ ਦੀ ਅਪੀਲ ਕਰਨਾ ਚਾਹੁੰਦੇ ਹੋ ਤਾਂ ਤੁਸੀਂ WSIB ਨੂੰ ਫੈਸਲੇ ਦੀ ਮਿਤੀ ਤੋਂ 6 ਮਹੀਨੇ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਜ਼ਰੂਰ ਸੂਚਿਤ ਕਰ ਦੇਵੋ।
- ਜੇਕਰ ਤੁਸੀਂ ਤਤਕਾਲੀਨ ਕਾਰਵਾਈ ਨਹੀਂ ਚਾਹੁੰਦੇ ਤਾਂ, ਤੁਹਾਨੂੰ ਇਕ ਚਿੱਠੀ ਮਿਲੇਗੀ ਜਿਸ ਵਿੱਚ ਸਮੇਂ ਦੀ ਵਿਧਾਨਿਕ ਪੂਰਤੀ ਬਾਰੇ ਵਿਆਖਿਆ ਹੋਵੇਗੀ ਅਤੇ ਤੁਸੀਂ ਕਦੋਂ ਕਾਰਵਾਈ ਕਰਨਾ ਚਾਹੁੰਦੇ ਹੋ ਬਾਬਤ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ।
- ਜੇਕਰ ਤੁਸੀਂ ਤਤਕਾਲੀਨ ਕਾਰਵਾਈ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਤੁਹਾਡੀ ਫਾਈਲ ਤੱਕ ਪਹੁੰਚ ਅਤੇ ਇਕ ਇਤਰਾਜ਼ ਫਾਰਮ ਪ੍ਰਦਾਨ ਕੀਤੇ ਜਾਣਗੇ ਜਦ ਮੁਕੰਮਲ ਕੀਤਾ ਇਹ ਫਾਰਮ ਬੋਰਡ ਨੂੰ ਮਿਲ ਜਾਵੇਗਾ ਤਾਂ WSIB ਆਮ ਦੀ ਤਰ੍ਹਾਂ ਅਪੀਲ ਤੇ ਕਾਰਵਾਈ ਕਰੇਗਾ।
- ਇਤਰਾਜ਼ ਫਾਰਮ ਵਾਪਸ ਭੇਜਣ ਲਈ ਸਮੇਂ ਦੀ ਕੋਈ ਸੀਮਾਂ ਨਹੀਂ ਹੈ।
- ਕਰ ਇਤਰਾਜ਼ਾਂ ਲਈ, ਬੇਨਤੀ ਕਰਨ ਉਪਰ ਇਕ ਇਤਰਾਜ਼ ਫਾਰਮ ਭੇਜਿਆ ਜਾਂਦਾ ਹੈ ਅਤੇ ਫਾਈਲ ਤੱਕ ਪਹੁੰਚ ਪ੍ਰਦਾਨ ਕੀਤੀ ਜਾਂਦੀ ਹੈ

*30 - ਦਿਨਾਂ ਦੀ ਸਮੇਂ ਦੀ ਸੀਮਾਂ*

- 30 ਦਿਨਾਂ ਦੀ ਸਮੇਂ ਦੀ ਸੀਮਾਂ, ਕੰਮ ਤੇ ਵਾਪਸੀ ਅਤੇ ਕਿਰਤ-ਬਾਜ਼ਾਰ ਮੁੜ-ਪ੍ਰਵੇਸ਼ ਯੋਜਨਾਵਾਂ ਤੇ 1 ਜਨਵਰੀ, 1998 ਜਾਂ ਇਸ ਤੋਂ ਬਾਅਦ ਕੀਤੇ ਫੈਸਲਿਆਂ ਤੇ ਲਾਗੂ ਹੁੰਦੀ ਹੈ।
- ਜੇਕਰ WSIB ਕੋਈ ਫੈਸਲਾ ਕਰਦਾ ਹੈ ਜਿਸ ਨਾਲ ਤੁਸੀਂ ਸਹਿਮਤ ਨਹੀਂ ਹੋ, ਤਾਂ ਤੁਹਾਨੂੰ ਫੈਸਲੇ ਦੀ ਚਿੱਠੀ ਵਿਚ ਸਮੇਂ ਦੀ ਸੀਮਾਂ ਅਤੇ ਅਪੀਲ ਕਰਨ ਦੀ ਵਿਧੀ ਬਾਰੇ ਵੀ ਜਾਣੂ ਕਰਵਾਇਆ ਜਾਵੇਗਾ। ਜੇਕਰ ਤੁਸੀਂ ਅਜਿਹੇ ਫੈਸਲੇ ਦੀ ਅਪੀਲ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਬੋਰਡ ਨੂੰ ਫੈਸਲੇ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਜ਼ਰੂਰ ਸੂਚਿਤ ਕਰ ਦੇਵੋ।
- ਜੇਕਰ ਤੁਸੀਂ ਤਤਕਾਲੀਨ ਕਾਰਵਾਈ ਨਹੀਂ ਚਾਹੁੰਦੇ ਤਾਂ, ਤੁਹਾਨੂੰ ਇਕ ਚਿੱਠੀ ਮਿਲੇਗੀ ਜਿਸ ਵਿੱਚ ਸਮੇਂ ਦੀ ਵਿਧਾਨਿਕ ਪੂਰਤੀ ਬਾਰੇ ਵਿਆਖਿਆ ਹੋਵੇਗੀ ਅਤੇ ਤੁਸੀਂ ਕਦੋਂ ਕਾਰਵਾਈ ਕਰਨਾ ਚਾਹੁੰਦੇ ਹੋ ਬਾਬਤ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ।
- ਜੇਕਰ ਤੁਸੀਂ ਤਤਕਾਲੀਨ ਕਾਰਵਾਈ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਤੁਹਾਡੀ ਫਾਈਲ ਤੱਕ ਪਹੁੰਚ ਅਤੇ ਇਕ ਇਤਰਾਜ਼ ਫਾਰਮ ਪ੍ਰਦਾਨ ਕੀਤੇ ਜਾਣਗੇ। ਜਦ ਮੁਕੰਮਲ ਕੀਤਾ ਇਹ ਫਾਰਮ ਬੋਰਡ ਨੂੰ ਮਿਲ ਜਾਵੇਗਾ ਤਾਂ WSIB ਆਮ ਦੀ ਤਰ੍ਹਾਂ ਅਪੀਲ ਤੇ ਕਾਰਵਾਈ ਕਰੇਗਾ।
- ਇਤਰਾਜ਼ ਫਾਰਮ ਵਾਪਸ ਭੇਜਣ ਲਈ ਸਮੇਂ ਦੀ ਕੋਈ ਸੀਮਾਂ ਨਹੀਂ ਹੈ।

## ਫੈਸਲੇ ਤੇ ਪੁਨਰ-ਵਿਚਾਰ

ਸੰਵਿਧਾਨ WSIB ਨੂੰ ਕਿਸੇ ਵੀ ਫੈਸਲੇ ਤੇ ਪੁਨਰ -ਵਿਚਾਰ ਦਾ ਹੱਕ ਦਿੰਦਾ ਹੈ, ਅਤੇ ਇਹ ਪੁਨਰ-ਵਿਚਾਰ "ਕਿਸੇ ਵੀ ਸਮੇਂ ਜੋ WSIB ਨੂੰ ਉਚਿਤ ਲੱਗੇ," ਫੈਸਲੇ ਦੀ ਮਿਤੀ ਦੀ ਪ੍ਰਵਾਹ ਕੀਤੇ ਬਿਨਾਂ, ਕੀਤਾ ਜਾ ਸਕਦਾ ਹੈ। WSIB ਪੁਨਰ -ਵਿਚਾਰ ਕਰ ਸਕਦਾ ਹੈ ਜੇਕਰ ਬੁਨਿਆਦੀ ਫੈਸਲੇ ਵਿਚ ਵਾਸਤਵਿਕ ਤਰੁੱਟੀਆਂ ਹੋਣ, ਮਿਸਾਲ ਵਜੋਂ, ਮਿਤੀਆਂ ਵਿਚ ਜਾਂ ਕਾਮੇ ਦੀ ਕਮਾਈ ਰਕਮ ਵਿਚ ਗਲਤੀ, ਜਾਂ ਕੋਈ ਨਵਾਂ ਮਹੱਤਵਪੂਰਨ ਸਬੂਤ ਮਿਲਣ ਦੀ ਸੂਰਤ ਵਿਚ। ਇਸ ਤੋਂ ਭਾਵ ਹੈ ਕਿ WSIB ਕਿਸੇ ਵੀ ਫੈਸਲੇ ਤੇ ਪੁਨਰ-ਵਿਚਾਰ ਕਰ ਸਕਦਾ ਹੈ ਬੇਸ਼ੱਕ ਅਪੀਲ ਲਈ ਵਿਧਾਨਕ ਸਮੇਂ ਦੀ ਮਿਆਦ ਖਤਮ ਹੋ ਚੁੱਕੀ ਹੋਵੇ।


© WSIB Ontario

## ਸਮੇਂ ਦੀਆਂ ਸੀਮਾਵਾਂ ਵਧਾਉਣ ਲਈ ਮਾਪਦੰਡ

WSIB ਕੋਲ ਕਿਸੇ ਵੀ ਸਮੇਂ ਵਾਜ਼ਿਬ ਸਮਝਣ ਤੇ ਸਮਾ ਸੀਮਾਂ ਵਧਾਉਣ ਦਾ ਹੱਕ ਹੈ । ਸਮਾਂ ਸੀਮਾ ਵਾਧਾ ਨਿਰਧਾਰਿਤ ਕਰਨ ਲਈ ਲਾਗੂ ਮਾਪਦੰਡ ਵਿਚ ਸ਼ਾਮਿਲ ਹਨ :

- ਦੇਰੀ ਕਿੰਨੇ ਕੁ ਸਮੇਂ ਦੀ ਹੈ – ਸਮਾਂ ਸੀਮਾ ਵਾਧੇ ਲਈ ਵਿਸਥਾਰਪੂਰਕ ਨਿਰਣੈਸ਼ਕਤੀ ਦੀ ਵਰਤੋਂ ਉਦੋਂ ਪ੍ਰਦਾਨ ਕੀਤੀ ਜਾਵੇਗੀ ਜਦ ਅਪੀਲਾਂ ਫੈਸਲੇ ਦੀ ਤਰੀਕ ਤੋਂ ਇਕ ਸਾਲ ਦੇ ਅੰਦਰ-ਅੰਦਰ ਲਿਆਂਦੀਆਂ ਜਾਣਗੀਆਂ । ਇਸ ਦੇ ਇਲਾਵਾ ਲੰਬੀਆਂ ਦੇਰੀਆਂ ਲਈ ਵਿਚਾਰਹੀਨ ਮਾਪਦੰਢ ਵਿਚ ਸ਼ਾਮਿਲ ਹਨ:
  - ਗੰਭੀਰ ਸਿਹਤ ਸਮੱਸਿਆਵਾਂ (ਵਿਅਕਤੀ ਜਾਂ ਉਸਦੇ ਨਜ਼ਦੀਕੀ ਪਰਿਵਾਰ ਵਲੋਂ ਅਨੁਭਵ ਕੀਤੀਆਂ ) ਜਾਂ ਵਿਅਕਤੀ ਨੂੰ ਪਰਿਵਾਰ ਦੇ ਕਿਸੇ ਮੈਂਬਰ ਦੀ ਮੌਤ ਜਾਂ ਬੀਮਾਰੀ ਦੀ ਵਜ੍ਹਾ ਕਾਰਨ ਪ੍ਰਾਂਤ ਜਾਂ ਮੁਲਕ ਤੋਂ ਬਾਹਰ ਜਾਣਾ
  - ਕੀ ਅਸਲ ਵਿੱਚ ਸਮਾਂ ਸੀਮਾ ਬਾਰੇ ਨੋਟਿਸ ਸੀ ਵੀ । ਇਹ ਸਪਸ਼ਟ ਹੈ ਕਿ 1998 ਤੋਂ ਬਾਅਦ ਦੇ ਫੈਸਲਿਆਂ ਵਿੱਚ ਸਮਾਂ ਸੀਮਾਂਵਾਂ ਬਾਰੇ ਵਿਸ਼ੇਸ਼ ਤੌਰ ਤੇ ਜ਼ਿਕਰ ਹੈ ਪਰ 1998 ਤੋਂ ਪਹਿਲਾਂ ਕੀਤੇ ਫੈਸਲਿਆਂ ਵਿੱਚ ਨਹੀਂ
  - ਸਮਾਂ ਸੀਮਾਵਾਂ ਵਿੱਚ ਅਪੀਲ ਕੀਤੇ ਮਸਲਿਆਂ ਵਿੱਚ ਹੋਰ ਵੀ ਮਸਲੇ ਹਨ ਜੋ ਸਮਾਂ ਸੀਮਾਵਾਂ ਵਿੱਚ ਅਪੀਲ ਨਾ ਕੀਤੇ ਮਸਲਿਆਂ ਨਾਲੋ ਅਨਿੱਖੜਵੇਂ ਹਨ
  - ਜਿਸ ਮਸਲੇ ਬਾਰੇ ਝਗੜਾ ਹੈ ਉਸ ਦੀ ਮਹੱਤਤਾ
  - ਕੀ ਧਿਰ ਸਮਾਂ ਸੀਮਾਵਾਂ ਲੋੜਾਂ ਸਮਝਣ ਦੇ ਯੋਗ ਸੀ
- ਸਮਾਂ ਸੀਮਾਵਾਂ ਵਧਾਉਣ ਲਈ ਸਾਰੇ ਫੈਸਲੇ ਕੇਸ ਦੀ ਵਿਸ਼ੇਸ਼ਤਾ ਅਤੇ ਨਿਰਪੱਖਤਾ ਦੇ ਅਧਾਰ ਤੇ ਕੀਤੇ ਜਾਣਗੇ ।

## ਸਮੇਂ ਦੀਆਂ ਸੀਮਾਵਾਂ ਵਿਚ ਵਾਧੇ ਤੇ ਹੋਏ ਫੈਸਲੇ ਤੇ ਪੁਨਰ-ਵਿਚਾਰ

ਜੇਕਰ ਚਾਲਕ ਖੇਤਰ (ਆਪਰੇਟਿੰਗ ਏਰੀਆ) ਵਿੱਚ ਸਮਾਂ ਸੀਮਾਵਾਂ ਵਧਾਉਣ ਲਈ ਕੀਤੀ ਬੇਨਤੀ ਤੋਂ ਇਨਕਾਰ ਹੋ ਜਾਵੇ ਤਾਂ ਤੁਸੀ ਬੋਰਡ ਦੀ ਅਪੀਲਾਂ ਦੀ ਸ਼ਾਖਾ ਨੂੰ ਗੌਰ ਕਰਨ ਦੀ ਬੇਨਤੀ ਕਰ ਸਕਦੇ ਹੋ ।

## ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਅਪੀਲਜ਼ ਟ੍ਰਿਬਿਊਨਲ

ਬੋਰਡ ਦੇ ਆਖਰੀ ਫੈਸਲਿਆਂ ਦੀ ਅਪੀਲ ਵਰਕਪਲੇਸ ਸੇਫਟੀ ਐਂਡ ਇੰਸੋਰੈਂਸ ਅਪੀਲਜ਼ ਟ੍ਰਿਬਿਊਨਲ (WSIAT) ਨੂੰ ਕੀਤੀ ਜਾ ਸਕਦੀ ਹੈ । ਉਥੇ ਟ੍ਰਿਬਊਨਲ ਕੋਲ ਅਪੀਲ ਕਰਨ ਲਈ WSIB ਦੇ ਆਖਰੀ ਫੈਸਲੇ ਤੋਂ 6 ਮਹੀਨੇ ਬਾਅਦ ਤੱਕ ਦੇ ਸਮੇਂ ਦੀ ਸੀਮਾਂ ਹੈ । ਟ੍ਰਿਬਿਊਨਲ ਕੋਲ ਆਪਣੇ ਫੈਸ-ਲਿਆਂ ਤੇ ਪੁਨਰ-ਵਿਚਾਰ ਅਤੇ ਅਪੀਲਾਂ ਲਈ ਸਮਾਂ ਵਧਾਉਣ ਦਾ ਹੱਕ ਵੀ ਹੈ ।

ਫੈਸਲੇ ਦੀ ਅਪੀਲ ਕਰਨ ਲਈ, ਜਾਂ ਵਧੇਰੇ ਜਾਣਕਾਰੀ ਲਈ, ਇਸ ਪਤੇ ਤੇ ਲਿਖੋ :

Workplace Safety and Insurance Board
200 Front Street West, Toronto ON M5V 3J1

## ਵਰਕਪਲੇਸ ਸੇਫਟੀ ਐਂਡ ਇੰਸ਼ੋਰੈਸ ਬੋਰਡ

ਉਨਟਾਰੀਓ ਦਾ ਵਰਕਪਲੇਸ ਸੇਫ਼ਟੀ ਐਂਡ ਇੰਸ਼ੋਰੈਂਸ ਬੋਰਡ (WSIB) ਪ੍ਰਾਂਤ ਦੀ ਪੇਸ਼ਾਵਰ ਸਿਹਤ ਅਤੇ ਸੁਰੱਖਿਆ ਪ੍ਰਣਾਲੀ ਵਿੱਚ ਇਕ ਅਹਿਮ ਕਿਰ-ਦਾਰ ਨਿਭਾਉਂਦਾ ਹੈ । WSIB ਨਿਯੋਜਕਾਂ ਅਤੇ ਉਹਨਾਂ ਦੇ ਕਾਮਿਆਂ ਲਈ ਕਸੂਰ-ਰਹਿਤ ਬੀਮੇ ਦਾ ਪ੍ਰਬੰਧ ਕਰਦਾ ਹੈ ਅਤੇ ਕੰਮ ਦੇ ਸਥਾਨਾਂ ਤੇ ਸੱਟਾਂ ਅਤੇ ਬੀਮਾਰੀਆਂ ਦੀ ਰੋਕਥਾਮ ਲਈ ਵਚਨਬੱਦ ਹੈ । WSIB ਅਯੋਗਤਾ ਲਾਭ  ਅਯੋਗਤਾ ਲਾਭ ਪ੍ਰਦਾਨ ਕਰਦਾ ਹੈ, ਸਿਹਤ ਸੰਭਾਲ ਦੇ ਮਿਆਰ ਤੇ ਨਿਗਾਹ ਰੱਖਦਾ ਹੈ ਅਤੇ ਉਨ੍ਹਾਂ ਕਾਮਿਆਂ ਲਈ ਜੋ ਕੰਮ ਤੇ ਜ਼ਖਮੀ ਜਾਂ ਪੇਸ਼ਾਵਰ ਬੀਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਕੰਮ ਤੇ ਜਲਦ ਅਤੇ ਸੁਰੱਖਿਅਤ ਵਾਪਿਸੀ ਦਾ ਸਮਰਥਣ ਕਰਦਾ ਹੈ ।

*ਸਾਡੀ ਜਾਣਕਾਰੀ ਸੰਬੰਧੀ ਹਾਟ-ਲਾਈਨ ਕਾਲ ਕਰਨ ਤੇ ਇਹ ਜਾਣਕਾਰੀ ਕਈ ਭਾਸ਼ਾਵਾਂ ਵਿਚ ਉਪਲਬਧ ਹੈ।*
**ਸੂਚਨਾ ਹਾਟ ਲਾਈਨ:**(416) 344-4999 **ਕਰ-ਰਹਿਤ:** 1-800-465-5606 **ਜਾਂ** **ਟੀ.ਟੀ.ਵਾਈ:**1-800-387-0050

 © WSIB Ontario